

Long-Term Care Home Update

Community Newsletter

Lakeridge Health

**2021 ਮਾਰਚ**

## ਵਰਚੁਅਲ ਓਪਨ ਹਾਊਸ ਤੋਂ ਸੁਰਖੀਆਂ

18 ਮਾਰਚ ਨੂੰ, Lakeridge Health ਨੇ ਨਿਵਾਸੀਆਂ ਨਾਲ ਸਿੱਧਾ ਜੁੜਨ ਅਤੇ ਨਵੇਂ ਲੰਬੇ ਸਮੇਂ ਦੇ ਕੇਅਰ ਹੋਮ ਨੂੰ ਪ੍ਰਦਰਸ਼ਿਤ ਕਰਨ ਲਈ Facebook Live 'ਤੇ ਇੱਕ ਵਰਚੁਅਲ ਓਪਨ ਹਾਊਸ ਦੀ ਮੇਜ਼ਬਾਨੀ ਕੀਤੀ।

Ajax ਅਤੇ Durham ਖੇਤਰ ਦੇ ਤਕਰੀਬਨ 80 ਨਿਵਾਸੀ ਇਸ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਹੋਏ, ਅਤੇ Lakeridge Health, PCL Construction ਅਤੇ G Architects ਦੀ ਟੀਮ ਨੇ ਹੋਮ ਦੀ ਇੱਕ ਵਰਚੁਅਲ "ਸੈਰ" ਕਰਵਾਈ।


ਵਿਚਾਰ-ਵਟਾਂਦਰੇ ਦੀਆਂ ਮੁੱਖ ਸੁਰਖੀਆਂ ਸਨ:

- ਹੋਮ ਦੀਆਂ ਫਲੋਰ ਯੋਜਨਾਵਾਂ ਬਾਰੇ ਸੰਖੇਪ ਜਾਣਕਾਰੀ, ਜਿਸ ਵਿੱਚ ਸੁਰੱਖਿਅਤ ਅਤੇ ਲੈਂਡਸਕੇਪ ਵਾਲੇ ਵਿਹੜੇ, ਗਤੀਸ਼ੀਲਤਾ ਦਾ ਸਮਰਥਨ ਕਰਨ ਲਈ ਵਿਸ਼ਾਲ ਹਾਲਵੇ ਅਤੇ ਦੂਜੇ ਨਿਵਾਸੀਆਂ ਅਤੇ ਪਰਿਵਾਰ ਨਾਲ ਜੁੜਨ ਅਤੇ ਮੇਲ-ਜੋਲ ਕਰਨ ਲਈ ਸਮਾਜਿਕ ਸਥਾਨ ਸ਼ਾਮਲ ਹਨ।

- ਬਿਮਾਰੀ ਫੈਲਣ ਦੇ ਪ੍ਰਬੰਧਨ ਵਿੱਚ ਸਹਾਇਤਾ ਵਾਸਤੇ ਹੋਮ ਦੇ ਖੇਤਰਾਂ ਵਿੱਚ ਵੱਖਰੇ ਸਾਫ ਅਤੇ ਗੰਦੇ ਟ੍ਰੈਫ਼ਿਕ ਰੂਟਾਂ ਅਤੇ 16 ਬਿਸਤਰਿਆਂ ਵਾਲੇ 'ਕਲੱਸਟਰ' ਸਮੇਤ ਲਾਗ ਦੀ ਰੋਕਥਾਮ ਅਤੇ ਨਿਯੰਤਰਣ (IPAC) ਅਭਿਆਸਾਂ ਦੇ ਵੇਰਵੇ।

- ਮਹੀਨਾ-ਦਰ-ਮਹੀਨਾ ਉਸਾਰੀ ਦੀ ਯੋਜਨਾ ਅਤੇ ਇਮਾਰਤ ਦੇ ਮਾਡਿਊਲਰ ਭਾਗਾਂ ਦਾ ਪ੍ਰਦਰਸ਼ਨ ਜੋ ਇਸ ਸਮੇਂ ਸਾਈਟ ਤੋਂ ਦੂਰ ਤਿਆਰ ਕੀਤੇ ਜਾ ਰਹੇ ਹਨ।

- ਇੱਕ ਲਾਈਵ ਪੋਲ ਜਿੱਥੇ ਹਾਜ਼ਰ ਹੋਣ ਵਾਲੇ 98% ਵਿਅਕਤੀ ਸਹਿਮਤ ਹੋਏ ਕਿ Durham ਨੂੰ ਵਧੇਰੇ ਲੰਮੇ ਸਮੇਂ ਦੇ ਕੇਅਰ ਹੋਮਾਂ ਦੀ ਲੋੜ ਹੈ।




*ਓਪਨ ਹਾਊਸ ਤੋਂ ਸਕ੍ਰੀਨਸ਼ਾਟ*

## ਵਰਚੁਅਲ ਓਪਨ ਹਾਊਸ ਵਿੱਚ ਆ ਨਹੀਂ ਸਕੇ?

ਜੇ ਤੁਸੀਂ ਸਾਡੇ ਵਰਚੁਅਲ ਓਪਨ ਹਾਊਸ ਵਿੱਚ ਸ਼ਾਮਲ ਨਹੀਂ ਹੋ ਸਕੇ, ਤਾਂ ਤੁਸੀਂ ਸਾਡੀ ਵੈੱਬਸਾਈਟ 'ਤੇ ਇੱਕ ਰਿਕਾਰਡਿੰਗ ਦੇਖ ਸਕਦੇ ਹੋ। ਨਿਯਮਿਤ ਤਾਜ਼ਾ ਜਾਣਕਾਰੀ ਅਤੇ ਭਵਿੱਖ ਦੇ ਸਮਾਗਮਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ www.lh.ca 'ਤੇ ਜਾਂਚ ਕਰਦੇ ਰਹੋ।

## ਉਸਾਰੀ ਤੇਜ਼ ਰਫਤਾਰ ਨਾਲ ਅੱਗੇ ਵੱਧ ਰਹੀ ਹੈ

Lakeridge Health ਦੇ ਨਵੇਂ ਲੰਬੇ ਸਮੇਂ ਦੇ ਕੇਅਰ ਹੋਮ ਵਿਖੇ ਕੰਮ ਸਹੀ ਤਰ੍ਹਾਂ ਨਾਲ ਚੱਲ ਰਿਹਾ ਹੈ, ਜੋ ਇਸ ਵੇਲੇ Ajax Pickering Hospital ਦੇ ਨਾਲ ਉਸਾਰੀ ਅਧੀਨ ਹੈ। ਫਰਵਰੀ ਅਤੇ ਮਾਰਚ ਵਿੱਚ, ਕੰਸਟ੍ਰਕਸ਼ਨ ਟੀਮ ਨੇ ਲੋੜੀਂਦੀਆਂ ਸਹੂਲਤਾਂ ਸੇਵਾਵਾਂ ਸਥਾਪਤ ਕੀਤੀਆਂ, ਜਿਵੇਂ ਕਿ ਬਿਜਲੀ ਸਪਲਾਈ ਅਤੇ Durham Region ਦੇ ਮੁੱਖ ਤੂਫ਼ਾਨੀ ਪਾਣੀ ਅਤੇ ਸੈਨੀਟੇਸ਼ਨ ਲਾਈਨਾਂ ਦੇ ਨਾਲ ਕਨੈਕਸ਼ਨ। ਇਸ ਮਹੀਨੇ ਦੇ ਸ਼ੁਰੂ ਵਿੱਚ ਦੋ ਕ੍ਰੇਨਾਂ ਵੀ ਪਹੁੰਚੀਆਂ ਹਨ ਅਤੇ ਕੰਸਟ੍ਰਕਸ਼ਨ ਟੀਮ ਨੇ ਜ਼ਮੀਨੀ ਮੰਜ਼ਿਲ ਨੂੰ ਖਤਮ ਕਰ ਰਹੀ ਹੈ ਅਤੇ ਪਹਿਲੀ ਮੰਜ਼ਲ ਦੀਆਂ ਕੰਧਾਂ ਖੜ੍ਹੀਆਂ ਕਰਨੀਆਂ ਸ਼ੁਰੂ ਕਰ ਰਹੀ ਹੈ।

ਸਾਈਟ 'ਤੇ, ਉਸਾਰੀ ਦੇ ਸਮਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਆਪਣੇ ਸਿਖਰ 'ਤੇ, ਪ੍ਰੋਜੈਕਟ ਵਿਖੇ ਇੱਕ ਸ਼ਿਫਟ ਵਿੱਚ 300 ਹੁਨਰਮੰਦ ਕਾਮੇ ਅਤੇ ਇੱਕ ਦਿਨ ਵਿੱਚ ਸਿਰਫ 600 ਤੋਂ ਵੱਧ ਹੁਨਰਮੰਦ ਕਾਮੇ ਕੰਮ ਕਰਦੇ ਦਿਖਾਈ ਦੇਣਗੇ। **ਇਸਦਾ ਮਤਲਬ ਹੈ ਪ੍ਰਤੀ ਦਿਨ 4,800 ਕੰਮਕਾਜੀ ਘੰਟੇ** ਅਤੇ ਇਹ ਸਾਡੇ ਭਾਈਚਾਰੇ ਅਤੇ ਸੂਬੇ ਲਈ ਮਹੱਤਵਪੂਰਨ ਆਰਥਿਕ ਤਰੱਕੀ ਹੈ।

22 ਮਾਰਚ ਤੋਂ ਸ਼ੁਰੂ ਕਰਦੇ ਹੋਏ, ਸਾਈਟ 'ਤੇ ਮੌਜੂਦ ਟੀਮਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 6:30 ਵਜੇ ਤੋਂ ਅੱਧੀ ਰਾਤ ਤਕ, ਅਤੇ ਸ਼ਨੀਵਾਰ ਨੂੰ ਸਵੇਰੇ 6:30 ਵਜੇ ਤੋਂ ਸ਼ਾਮ 5:00 ਵਜੇ ਤੱਕ ਕੰਮ ਕਰਨਗੀਆਂ।

ਆਨ-ਸਾਈਟ ਉਸਾਰੀ ਤੋਂ ਇਲਾਵਾ, ਇਮਾਰਤ ਦੇ ਮਾਡਿਊਲਰ ਭਾਗ ਸਾਈਟ ਤੋਂ ਦੂਰ ਬਣਾਏ ਜਾ ਰਹੇ ਹਨ। ਸਾਡਾ ਉਸਾਰੀ ਭਾਈਵਾਲ, PCL, ਇਮਾਰਤ ਦੇ ਕਈ ਪ੍ਰੀਫੈਬਰਿਕੇਟਿਡ ਹਿੱਸਿਆਂ ਦੇ ਡਿਜ਼ਾਈਨ ਅਤੇ ਸਥਾਪਨਾ ਦੀ ਨਿਗਰਾਨੀ ਕਰ ਰਿਹਾ ਹੈ, ਜਿਵੇਂ ਕਿ ਲੋਡ ਲੈਣ ਵਾਲੀਆਂ ਕੰਧ ਦੀਆਂ ਪੈਨਲ ਦੇ ਸਿਸਟਮ, ਵਾਸ਼ਰੂਮ ਪੋਡ, ਅਤੇ ਮਕੈਨੀਕਲ ਅਤੇ ਬਿਜਲੀ ਵੰਡ ਪ੍ਰਣਾਲੀਆਂ।

ਇਸ ਕਿਸਮ ਦੀ ਮਾਡਿਊਲਰ ਉਸਾਰੀ ਅਤੇ ਪ੍ਰਤੀ ਦਿਨ ਕੰਮ ਕਰਨ ਦੇ ਘੰਟਿਆਂ ਦੀ ਸੰਖਿਆ ਐਕਸੀਲਰੇਟਿਡ ਬਿਲਡ ਪਾਇਲਟ ਪ੍ਰੋਗਰਾਮ (Accelerated Build Pilot Program) ਦਾ ਇੱਕ ਹਿੱਸਾ ਹੈ ਅਤੇ ਇਸ ਨਾਲ ਨਵੇਂ ਹੋਮ ਨੂੰ ਰਵਾਇਤੀ ਲੰਬੀ ਮਿਆਦ ਦੀ ਕੇਅਰ ਪ੍ਰੋਜੈਕਟਾਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਉਸਾਰਿਆ ਜਾ ਸਕਦਾ ਹੈ।

ਪਰ ਭਰੋਸਾ ਰੱਖੋ, ਹਾਲਾਂਕਿ ਰਫਤਾਰ ਸਭ ਤੋਂ ਪਹਿਲੀ ਤਰਜੀਹ ਹੈ, ਸਾਰੇ ਕਰਮਚਾਰੀ ਅਤੇ ਕੰਸਟ੍ਰਕਸ਼ਨ ਕਰਮਚਾਰੀ ਸਭ ਤੋਂ ਸਖ਼ਤ ਸਿਹਤ, ਸੁਰੱਖਿਆ ਅਤੇ ਡਿਜ਼ਾਈਨ ਦੇ ਮਿਆਰਾਂ ਦੀ ਪਾਲਣਾ ਕਰਦੇ ਹਨ।

## ਪਾਰਕਿੰਗ ਗੈਰਾਜ ਦਾ ਨਿਰਮਾਣ ਸ਼ੁਰੂ ਹੋਣ ਵਾਲਾ ਹੈ

ਅੱਗੇ ਦੇਖਦੇ ਹੋਏ, ਹੋਮ ਦੇ ਪਾਰਕਿੰਗ ਗੈਰਾਜ ਅਤੇ ਅੰਦਰੂਨੀ ਸੜਕ ਨੈੱਟਵਰਕ ਦੀ ਉਸਾਰੀ ਮਾਰਚ ਦੇ ਅਖੀਰ/ਅਪ੍ਰੈਲ ਦੇ ਸ਼ੁਰੂ ਵਿੱਚ ਅਰੰਭ ਹੋ ਜਾਵੇਗੀ। ਨਵਾਂ ਲੰਬੀ-ਮਿਆਦ ਦਾ ਕੇਅਰ ਹੋਮ ਘੱਟੋ-ਘੱਟ 250 ਪਾਰਕਿੰਗ ਸਥਾਨਾਂ ਦੀ ਪਾਰਕਿੰਗ ਲਈ ਇੱਕ ਵਾਧੂ ਮੰਗ ਪੈਦਾ ਕਰੇਗਾ।

ਪਾਰਕਿੰਗ ਗੈਰਾਜ ਅਤੇ ਮੁੜ ਡਿਜ਼ਾਈਨ ਕੀਤਾ ਸੜਕ ਨੈੱਟਵਰਕ, ਦੋਵੇਂ ਲੋੜੀਂਦੇ ਵਾਧੇ ਹਨ ਜੋ Ajax Pickering Hospital ਵਿੱਚ ਅਤੇ ਇਸਦੇ ਆਸ-ਪਾਸ ਦੀ ਵਧੀ ਹੋਈ ਮਾਤਰਾ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ ਅਤੇ ਨਵੀਂ ਲੰਬੇ ਸਮੇਂ ਦੀ ਦੇਖਭਾਲ ਸਹੂਲਤ ਅਤੇ ਹਸਪਤਾਲ ਤਕ ਮਰੀਜ਼ਾਂ, ਮੁਲਾਕਾਤੀਆਂ ਅਤੇ ਸਟਾਫ਼ ਦੀ ਪਹੁੰਚ ਵਿੱਚ ਸੁਧਾਰ ਲਿਆਉਣਗੇ।

ਗੈਰਾਜ ਅਤੇ ਸੜਕ ਨੈੱਟਵਰਕ ਦੀ ਉਸਾਰੀ ਕਰਨ ਲਈ, ਪੜਾਅਵਾਰ ਉਸਾਰੀ ਦੀ ਲੋੜ ਹੈ ਅਤੇ ਅੰਦਰੂਨੀ ਸੜਕ ਦੀ ਰੂਪਰੇਖਾ 'ਤੇ ਕੁਝ ਪ੍ਰਭਾਵ ਪਵੇਗਾ ਅਤੇ ਰੁੱਖਾਂ ਨੂੰ ਹਟਾਇਆ ਜਾਵੇਗਾ। ਇਸ ਕੋਸ਼ਿਸ਼ ਨੂੰ ਸੇਧ ਦੇਣ ਲਈ, ਇਹ ਪਛਾਣ ਕਰਨ ਵਾਸਤੇ ਬਿਹਤਰ ਮੁਲਾਂਕਣ ਕਰਨ ਲਈ ਕਿ ਕਿਹੜੇ ਦਰਖ਼ਤਾਂ ਦੀ ਰੱਖਿਆ ਕੀਤੀ ਜਾਵੇਗੀ ਅਤੇ ਸੰਭਾਲਿਆ ਜਾਵੇਗਾ, ਇੱਕ ਪ੍ਰਮਾਣਿਤ ਸਥਾਨਕ ਆਰਬੋਰਿਸਟ (ਦਰਖ਼ਤਾਂ ਦੇ ਮਾਹਰ) ਦੀਆਂ ਸੇਵਾਵਾਂ ਲਈਆਂ ਗਈਆਂ ਸਨ। Town of Ajax ਨਾਲ ਵੀ ਸਲਾਹ-ਮਸ਼ਵਰਾ ਕੀਤਾ ਗਿਆ ਅਤੇ ਉਹਨਾਂ ਨੇ ਉਸਾਰੀ ਦੇ ਲਈ ਮਨਜ਼ੂਰੀ ਪਰਮਿਟ ਪ੍ਰਦਾਨ ਕੀਤੇ ਗਏ। ਜਿਵੇਂ-ਜਿਵੇਂ ਅਸੀਂ ਪ੍ਰੋਜੈਕਟ ਦੇ ਨਾਲ ਅੱਗੇ ਵੱਧਦੇ ਹਾਂ, ਕੋਈ ਵਾਧੂ ਦਰਖ਼ਤ ਪ੍ਰਭਾਵਿਤ ਨਹੀਂ ਹੋਣਗੇ।

Lakeridge Health ਦਾ ਸਾਡੇ ਸਿਸਟਮ ਵਿੱਚ ਵਾਤਾਵਰਣ ਦੀ ਟਿਕਾਊਯੋਗਤਾ ਅਤੇ ਊਰਜਾ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਦਾ ਇੱਕ ਲੰਮਾ ਇਤਿਹਾਸ ਹੈ, ਅਤੇ ਅਸੀਂ ਨਵੇਂ ਰੁੱਖ ਲਗਾਉਣ ਲਈ ਵਚਨਬੱਧ ਹਾਂ ਜੋ ਉਸਾਰੀ ਦੇ ਪੂਰਾ ਹੋਣ 'ਤੇ ਖੇਤਰ ਵਿੱਚ ਦਰਖ਼ਤਾਂ ਦੀ ਕਮੀ ਨੂੰ ਪੂਰਾ ਕਰਨਗੇ।



## ਅਕਸਰ ਪੁੱਛੇ ਜਾਂਦੇ ਸਵਾਲ

ਉਹਨਾਂ ਦਾ ਧੰਨਵਾਦ ਜੋ ਸਾਡੇ ਲੰਮੇ ਸਮੇਂ ਦੇ ਕੇਅਰ ਹੋਮ ਪ੍ਰੋਜੈਕਟ ਬਾਰੇ ਸਵਾਲਾਂ ਅਤੇ ਫੀਡਬੈਕ ਨਾਲ ਸੰਪਰਕ ਕਰ ਰਹੇ ਹਨ। ਇੱਥੇ ਆਮ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਹਨ:

**ਸਵਾਲ 1. ਹੋਮ ਕਦੋਂ ਪੂਰਾ ਹੋਵੇਗਾ ਅਤੇ ਇਸ ਵਿੱਚ ਕਿੰਨੇ ਬੈੱਡ ਹੋਣਗੇ?**
ਨਵਾਂ ਲੰਮੇ-ਸਮੇਂ ਦਾ ਕੇਅਰ ਹੋਮ Harwood Avenue South ਅਤੇ Clements Road West ਦੇ ਉੱਤਰ-ਪੱਛਮ ਕੋਨੇ 'ਤੇ Ajax Pickering Hospital ਦੇ ਨਾਲ ਸਥਿਤ ਹੈ। ਇਸਦੇ 2021 ਦੇ ਅਖੀਰ ਤੱਕ ਪੂਰਾ ਹੋਣ ਦੀ ਉਮੀਦ ਹੈ ਅਤੇ ਇਸ ਵਿੱਚ 320 ਬੈੱਡਾਂ ਦੀ ਸਮਰੱਥਾ ਹੋਵੇਗੀ।

**ਸਵਾਲ 2. ਜੇ ਮੈਂ Ajax ਵਿੱਚ ਰਹਿੰਦਾ ਹਾਂ, ਤਾਂ ਕੀ ਮੈਨੂੰ ਨਵੇਂ ਹੋਮ ਵਿੱਚ ਜਗ੍ਹਾ ਮਿਲਣ ਦੀ ਜ਼ਿਆਦਾ ਸੰਭਾਵਨਾ ਹੈ?**
ਜਦੋਂ ਨਵਾਂ ਹੋਮ ਖੁੱਲ੍ਹੇਗਾ, ਇਹ ਸੂਬੇ ਭਰ ਦੇ ਸਾਰੇ ਲੰਮੇ-ਸਮੇਂ ਦੇ ਕੇਅਰ ਹੋਮਾਂ ਲਈ ਬੈੱਡਾਂ ਤਕ ਪਹੁੰਚ ਦਾ ਪ੍ਰਬੰਧਨ ਕਰਨ ਲਈ ਸੂਬਾਈ ਪ੍ਰਕਿਰਿਆ ਦੀ ਪਾਲਣਾ ਕਰੇਗਾ। ਕਿਸੇ ਵੀ ਸਹੂਲਤ ਤਕ ਪਹੁੰਚ ਸੂਬਾਈ ਪੱਧਰ 'ਤੇ ਪ੍ਰਬੰਧਿਤ ਪਲੇਸਮੈਂਟ ਪ੍ਰਕਿਰਿਆ ਰਾਹੀਂ ਓਨਟਾਰੀਓ ਦੇ ਸਾਰੇ ਯੋਗ ਵਸਨੀਕਾਂ ਲਈ ਖੁੱਲ੍ਹੀ ਹੈ।

ਪਲੇਸਮੈਂਟ ਪ੍ਰਕਿਰਿਆ ਵਿੱਚ ਇੱਕ ਬਹੁ-ਭਾਗਾਂ ਵਾਲਾ ਮੁਲਾਂਕਣ ਸ਼ਾਮਲ ਹੁੰਦਾ ਹੈ, ਜਿਸ ਵਿੱਚ ਕੇਅਰ ਕੋਆਰਡੀਨੇਟਰ ਦੁਆਰਾ ਮੁਲਾਂਕਣ ਸ਼ਾਮਲ ਹੁੰਦਾ ਹੈ, ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਡਾਕਟਰੀ ਇਤਿਹਾਸ ਦਾ ਸਹੀ ਰਿਕਾਰਡ ਹੈ, ਅਤੇ ਲੰਬੇ ਸਮੇਂ ਦੀ ਦੇਖਭਾਲ ਲਈ ਯੋਗਤਾ ਨਿਰਧਾਰਤ ਕਰਨ ਵਿੱਚ ਮਦਦ ਕੀਤੀ ਜਾ ਸਕੇ। ਪਹੁੰਚ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ 310-2222 'ਤੇ ਕਾਲ ਕਰੋ (ਖੇਤਰ ਕੋਡ ਦੀ ਲੋੜ ਨਹੀਂ ਹੈ)।

**ਸਵਾਲ 3. ਮੈਨੂੰ ਨਵੇਂ ਲੰਮੇ-ਸਮੇਂ ਦੇ ਕੇਅਰ ਹੋਮ ਵਿੱਚ ਨੌਕਰੀ ਕਿਵੇਂ ਮਿਲ ਸਕਦੀ ਹੈ?**
ਇੱਕ ਵਾਰ ਉਪਲਬਧ ਹੋਣ 'ਤੇ ਭਾਈਚਾਰੇ ਨੂੰ ਸੂਚਿਤ ਕੀਤਾ ਜਾਵੇਗਾ ਅਤੇ, ਇਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਕਿ ਨਵੇਂ ਘਰ ਵਿੱਚ ਭੂਮਿਕਾਵਾਂ ਲਈ ਅਰਜ਼ੀ ਕਿਵੇਂ ਦੇਣੀ ਹੈ।

**ਸਵਾਲ 4. ਮੈਂ ਨਵੇਂ ਲੰਮੇ-ਸਮੇਂ ਦੇ ਕੇਅਰ ਹੋਮ ਲਈ ਕੋਈ ਉਤਪਾਦ ਜਾਂ ਸੇਵਾ ਕਿਵੇਂ ਮੁਹੱਈਆ ਕਰ ਸਕਦਾ/ਸਕਦੀ ਹਾਂ?**
ਪ੍ਰਸਤਾਵਿਤ ਕੀਤੇ ਜਾ ਰਹੇ ਉਤਪਾਦ ਜਾਂ ਸੇਵਾ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ, ਖਰੀਦ ਸਾਡੇ ਜਨਰਲ ਠੇਕੇਦਾਰ (PCL) ਨਾਲ ਜਾਂ Lakeridge Health ਵਿਖੇ ਮੌਜੂਦਾ ਖਰੀਦ ਪ੍ਰਕਿਰਿਆਵਾਂ ਦੁਆਰਾ ਉਸਾਰੀ ਇਕਰਾਰਨਾਮੇ ਦਾ ਹਿੱਸਾ ਹੈ।

ਜੇ ਤੁਸੀਂ Lakeridge Health ਲਈ Vendor of Record ਬਣਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਖਰੀਦ ਕੋਆਰਡੀਨੇਟਰ Plexxus ਕੋਲ ਰਜਿਸਟਰ ਕਰੋ।

**ਸਵਾਲ 5. ਉਸਾਰੀ ਵਾਲੀ ਜਗ੍ਹਾ ਦੇ ਨੇੜੇ ਗੁਆਂਢੀਆਂ ਲਈ ਸ਼ੋਰ ਨੂੰ ਘੱਟ ਕਰਨ ਲਈ ਕੀ ਕੀਤਾ ਜਾ ਰਿਹਾ ਹੈ?**
ਉਸਾਰੀ ਟੀਮ ਆਂਢ-ਗੁਆਂਢ ਲਈ ਹੋਣ ਵਾਲੇ ਕਿਸੇ ਸ਼ੋਰ ਜਾਂ ਪ੍ਰਭਾਵ ਨੂੰ ਘੱਟ ਕਰਨ ਲਈ ਪੂਰੀ ਕੋਸ਼ਿਸ਼ ਕਰ ਰਹੀ ਹੈ। PCL ਨੇ ਅਨੇਕਾਂ ਯੋਜਨਾਵਾਂ ਸਥਾਪਿਤ ਕੀਤੀਆਂ ਹਨ ਜੋ ਸ਼ੋਰ ਦੇ ਉਪ-ਨਿਯਮਾਂ ਦੀ ਪਾਲਣਾ ਕਰਦੀਆਂ ਹਨ:

- ਧੂੜ ਨਿਯੰਤਰਣ , ਸਮੇਤ, ਸਿਹਤ, ਸੁਰੱਖਿਆ ਅਤੇ ਵਾਤਾਵਰਣ ਸੰਬੰਧੀ ਸਾਰੀਆਂ ਚਿੰਤਾਵਾਂ ਨੂੰ ਹੱਲ ਕਰਨ ਲਈ ਯੋਜਨਾ;
- ਡਿਲੀਵਰੀਆਂ ਅਤੇ ਪਾਰਕਿੰਗ, ਦੋਵਾਂ ਲਈ ਸਾਈਟ ਵੱਲ ਆਉਣ ਵਾਲੇ ਅਤੇ ਜਾਣ ਵਾਲੀ ਭੀੜ-ਭਾੜ ਨੂੰ ਘੱਟ ਕਰਨ ਲਈ ਇੱਕ ਨਿਰਧਾਰਤ ਟ੍ਰੈਫ਼ਿਕ ਕੰਟਰੋਲ ਯੋਜਨਾ; ਅਤੇ,
- ਯੋਜਨਾਵਾਂ ਜੋ ਉਸਾਰੀ ਦੇ ਸ਼ੋਰ ਬਾਰੇ ਸ਼ੋਰ ਸੰਬੰਧੀ ਉਪ-ਕਾਨੂੰਨਾਂ ਦੀ ਪਾਲਣਾ ਕਰਦੀਆਂ ਹਨ।

ਅਸੀਂ ਇਸ ਗੱਲ ਦੀ ਸ਼ਲਾਘਾ ਕਰਦੇ ਹਾਂ ਕਿ ਜਿਸ ਦੌਰਾਨ ਅਸੀਂ ਇਸ ਮਹੱਤਵਪੂਰਨ ਅਤੇ ਬਹੁਤ ਜ਼ਿਆਦਾ ਲੋੜੀਂਦੇ ਲੰਮੇ-ਸਮੇਂ ਦੇ ਕੇਅਰ ਹੋਮ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਪੂਰਾ ਕਰਨ ਲਈ ਕੰਮ ਕਰ ਰਹੇ ਹਾਂ, ਆਸ ਪਾਸ ਦੇ ਗੁਆਂਢੀਆਂ ਦੀ ਸਮਝ ਕਿੰਨੀ ਵਧੀਆ ਰਹੀ ਹੈ।

ਪ੍ਰੋਜੈਕਟ ਦਾ ਉਸਾਰੀ ਕਾਰਜਕ੍ਰਮ ਤੇਜ਼ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਨਵਾਂ ਹੋਮ 2021 ਦੇ ਅੰਤ ਤੱਕ ਪੂਰਾ ਹੋ ਜਾਵੇਗਾ।

## ਤੁਹਾਨੂੰ ਤਾਜ਼ਾ ਜਾਣਕਾਰੀ ਦੇਣੀ

ਅਸੀਂ ਤੁਹਾਨੂੰ ਇਸ ਕਮਿਉਨਿਟੀ ਨਿਊਜ਼ਲੈਟਰ ਅਤੇ ਸਾਡੀ ਵੈੱਬਸਾਈਟ ਦੇ ਜ਼ਰੀਏ ਸਾਡੀ ਪ੍ਰਗਤੀ ਬਾਰੇ ਤਾਜ਼ਾ ਜਾਣਕਾਰੀ ਦਿੰਦੇ ਰਹਾਂਗੇ।

ਕਿਸੇ ਵੀ ਸਮੇਂ ਤੁਹਾਡੇ ਕੋਈ ਸਵਾਲ ਹੋਣ ਜਾਂ ਤੁਸੀਂ ਵਧੇਰੇ ਜਾਣਕਾਰੀ ਲੈਣਾ ਚਾਹੋ, ਤਾਂ ਕਿਰਪਾ ਕਰਕੇ 905-576-8711 ਐਕਸਟੈਨਸ਼ਨ 34167 'ਤੇ ਕਾਲ ਕਰੋ ਜਾਂ AjaxLTC@lh.ca 'ਤੇ ਈਮੇਲ ਕਰੋ।

ਤੁਸੀਂ ਸਾਨੂੰ Twitter ਅਤੇ Facebook 'ਤੇ ਵੀ ਫਾਲੋ ਕਰ ਸਕਦੇ ਹੋ।

## ਤੁਹਾਡੀ ਦਿਲਚਸਪੀ ਅਤੇ Durham ਭਾਈਚਾਰੇ ਵਿੱਚ ਇਸ ਮਹੱਤਵਪੂਰਨ ਨਵੇਂ ਵਾਧੇ ਲਈ ਤੁਹਾਡੇ ਸਮਰਥਨ ਵਾਸਤੇ ਧੰਨਵਾਦ।